BC Cancer Agency
CARE + RESEARCH
*An agency of the Provincial Health Services Authority*



# ਕੀ ਮੈਮੋਗ੍ਰਾਫੀ ਦਾ ਟੈੱਸਟ ਤੁਹਾਡੇ ਲਈ ਠੀਕ ਹੈ?

## ਸਕਰੀਨਿੰਗ ਮੈਮੋਗ੍ਰਾਫੀ ਪ੍ਰੋਗਰਾਮ, ਬ੍ਰਿਟਿਸ਼ ਕੋਲੰਬੀਆ ਵਿਚ ਔਰਤਾਂ ਦੇ ਮੈਮੋਗ੍ਰਾਮ ਟੈੱਸਟ ਮੁਫਤ ਕਰਦਾ ਹੈ।

## ਸਕਰੀਨਿੰਗ ਮੈਮੋਗ੍ਰਾਮ ਕੀ ਹੈ?

ਮੈਮੋਗ੍ਰਾਮ ਛਾਤੀਆਂ ਦੇ ਐਕਸਰੇ ਹਨ ਜਿਹੜੇ ਪੂਰੀ ਪ੍ਰਾਈਵੇਸੀ ਵਿਚ ਇਕ ਖਾਸ ਤੌਰ ’ਤੇ ਟਰੇਂਡ ਔਰਤ ਟੈਕਨੋਲੋਜਿਸਟ ਵਲੋਂ ਕੀਤੇ ਜਾਂਦੇ ਹਨ। ਸਕਰੀਨਿੰਗ ਮੈਮੋਗ੍ਰਾਮ ਵਿਚ ਚਾਰ ਤਸਵੀਰਾਂ ਲਈਆਂ ਜਾਂਦੀਆਂ ਹਨ (ਹਰ ਛਾਤੀ ਦੀਆਂ ਦੋ) ਜਿਹੜੀਆਂ ਉਨ੍ਹਾਂ ਔਰਤਾਂ ਵਿਚ ਲੁਕੀ ਕੈਂਸਰ ਦਾ ਪਤਾ ਲਾਉਂਦੀਆਂ ਹਨ ਜਿਹੜੀਆਂ ਤੰਦਰੁਸਤ ਹੁੰਦੀਆਂ ਹਨ (ਜਿਨ੍ਹਾਂ ਵਿਚ ਕੋਈ ਨਿਸ਼ਾਨੀਆਂ ਨਹੀਂ ਹੁੰਦੀਆਂ) ਅਤੇ ਜਿਨ੍ਹਾਂ ਨੂੰ ਪਹਿਲਾਂ ਕਦੇ ਵੀ ਛਾਤੀ ਦੀ ਕੈਂਸਰ ਨਹੀਂ ਹੋਈ ਹੁੰਦੀ।

ਜਿਨ੍ਹਾਂ ਔਰਤਾਂ ਨੂੰ ਗਿਲਟੀ ਜਾਂ ਡੋਡੀ ਵਿੱਚੋਂ ਡਿਸਚਾਰਜ ਨਿਕਲਣ ਸਮੇਤ ਲੱਛਣ ਦਿਖਾਈ ਦਿੰਦੇ ਹੋਣ, ਉਨ੍ਹਾਂ ਨੂੰ ਇਹ ਪਤਾ ਲਾਉਣ ਲਈ ਫੌਰਨ ਆਪਣੇ ਡਾਕਟਰ ਕੋਲ ਜਾਣਾ ਚਾਹੀਦਾ ਹੈ ਕਿ ਕੀ ਅਗਾਂਹ ਹੋਰ ਟੈੱਸਟ ਕਰਨ ਦੀ ਲੋੜ ਤਾਂ ਨਹੀਂ।

## ਮੈਮੋਗ੍ਰਾਮ ਦੌਰਾਨ ਕੀ ਹੁੰਦਾ ਹੈ?

- ਇਕ ਔਰਤ ਮੈਡੀਕਲ ਰੇਡੀਏਸ਼ਨ ਟੈਕਨੋਲੋਜਿਸਟ ਤੁਹਾਡੀ ਛਾਤੀ ਨੂੰ ਇਕ ਖਾਸ ਐਕਸਰੇ ਮਸ਼ੀਨ ’ਤੇ ਰੱਖੇਗੀ।
- ਤੁਹਾਡੀ ਛਾਤੀ ਨੂੰ ਕੁਝ ਸਕਿੰਟਾਂ ਲਈ ਟਿਕਾਈ ਰੱਖਣ ਲਈ ਪਲਾਸਟਿਕ ਦੀ ਇਕ ਪਲੇਟ ਵਰਤੀ ਜਾਵੇਗੀ।
- ਐਕਸਰੇ ਲੈਣ ਵੇਲੇ ਤੁਸੀਂ ਆਪਣੀ ਛਾਤੀ ਉੱਪਰ ਥੋੜ੍ਹਾ ਜਿਹਾ ਪਰੈਸ਼ਰ ਮਹਿਸੂਸ ਕਰੋਗੇ। ਛਾਤੀ ਦੇ ਟਿਸ਼ੂ ਨੂੰ ਫੈਲਾਉਣ ਅਤੇ ਹਿਲਜੁਲ ਨਾ ਹੋਣ ਦੇਣ ਲਈ ਦਬਾਉ ਪਾਉਣਾ ਜ਼ਰੂਰੀ ਹੈ, ਨਹੀਂ ਤਾਂ ਐਕਸਰੇ ਸਾਫ ਨਹੀਂ ਆਵੇਗਾ। ਇਹ ਬੇਆਰਾਮੀ ਵਾਲਾ ਹੋ ਸਕਦਾ ਹੈ ਅਤੇ ਆਮ ਤੌਰ ’ਤੇ 10 ਕੁ ਸਕਿੰਟ ਨਾਲੋਂ ਜ਼ਿਆਦਾ ਸਮਾਂ ਨਹੀਂ ਰਹਿੰਦਾ।
- ਚਾਰ ਤਸਵੀਰਾਂ ਲਈਆਂ ਜਾਂਦੀਆ ਹਨ, ਹਰ ਛਾਤੀ ਦੀਆਂ ਦੋ।
- ਇਹ ਪੱਕਾ ਕਰਨ ਲਈ ਟੈਕਨੋਲੋਜਿਸਟ ਤਸਵੀਰਾਂ ਦੀ ਕੁਆਲਟੀ ਚੈੱਕ ਕਰੇਗੀ ਕਿ ਰੇਡੀਓਲੋਜਿਸਟ ਇਨ੍ਹਾਂ ਨੂੰ ਪੜ੍ਹ ਸਕੇ। ਫਿਰ, ਜੇ ਲੋੜ ਹੋਵੇ ਤਾਂ ਟੈਕਨੋਲੋਜਿਸਟ ਹੋਰ ਤਸਵੀਰਾਂ ਵੀ ਲੈ ਸਕਦੀ ਹੈ।

## ਆਪਣੇ ਆਰਾਮ ਅਤੇ ਵਧੀਆ ਨਤੀਜਿਆਂ ਲਈ ਤਿਆਰ ਹੋਵੋ:

- ਦੋ ਪੀਸਾਂ ਵਾਲਾ ਸੂਟ ਪਾਉ ਅਤੇ ਉਪਰਲਾ ਪੀਸ ਮੂਹਰੇ ਨੂੰ ਖੁਲ੍ਹਦਾ ਹੋਵੇ। ਤੁਹਾਨੂੰ ਲੱਕ ਤੋਂ ਉਪਰ ਦੇ ਕੱਪੜੇ ਲਾਹੁਣ ਲਈ ਕਿਹਾ ਜਾਵੇਗਾ।
- ਅਪੌਇੰਟਮੈਂਟ ਵਾਲੇ ਦਿਨ ਕੋਈ ਵੀ ਦੁਰਗੰਧ-ਨਾਸ਼ਕ, ਪਾਊਡਰ, ਕਰੀਮਾਂ ਜਾਂ ਲੋਸ਼ਨ ਨਾ ਵਰਤੋ। ਇਹ ਚੀਜ਼ਾਂ ਰਹਿੰਦ-ਖੂੰਹਦ ਛੱਡ ਸਕਦੀਆਂ ਹਨ ਜਿਸ ਨਾਲ ਤੁਹਾਡਾ ਮੈਮੋਗ੍ਰਾਮ ਪੜ੍ਹਨਾ ਔਖਾ ਹੋ ਸਕਦਾ ਹੈ।
- ਆਪਣੀ ਅਪੌਇੰਟਮੈਂਟ ਉਦੋਂ ਲਈ ਬਣਾਉਣ ਦੀ ਕੋਸ਼ਿਸ਼ ਕਰੋ ਜਦੋਂ ਤੁਹਾਡੀ ਛਾਤੀਆਂ ਘੱਟ ਸੰਵੇਦਨਸ਼ੀਲ ਹੁੰਦੀਆਂ ਹਨ (ਆਪਣੇ ਪਿਛਲੇ ਪੀਰੀਅਡ ਤੋਂ ਬਾਅਦ 10 ਦਿਨਾਂ ਦੇ ਵਿਚ ਵਿਚ)।
- ਕੁਝ ਔਰਤਾਂ ਨੂੰ ਟੈੱਸਟ ਤੋਂ ਕਈ ਦਿਨ ਪਹਿਲਾਂ ਕੈਫੀਨ ਤੋਂ ਪਰਹੇਜ਼ ਕਰਨ ਨਾਲ ਵੀ ਮਦਦ ਮਿਲਦੀ ਹੈ।

## ਕੀ ਮੇਰਾ ਮੈਮੋਗ੍ਰਾਮ ਹੋਣਾ ਚਾਹੀਦਾ ਹੈ?

### ਜੇ ਤੁਹਾਡੀ ਉਮਰ 40 ਤੋਂ 74 ਸਾਲ ਦੇ ਵਿਚਕਾਰ ਹੈ ਅਤੇ ਤੁਹਾਡੇ ਪਹਿਲੇ ਦਰਜੇ ਦੇ ਕਿਸੇ ਰਿਸ਼ਤੇਦਾਰ (ਮਾਂ, ਧੀ, ਭੈਣ) ਨੂੰ ਛਾਤੀ ਦੀ ਕੈਂਸਰ ਹੋਈ ਹੈ ਤਾਂ:

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਹਰ ਸਾਲ ਮੈਮੋਗ੍ਰਾਮ ਕਰਵਾਉ।

ਪਰਿਵਾਰ ਵਿਚ ਛਾਤੀ ਦੀ ਕੈਂਸਰ ਵਾਲੀਆਂ ਔਰਤਾਂ ਨੂੰ ਛਾਤੀ ਦੀ ਕੈਂਸਰ ਹੋਣ ਦੀ ਸੰਭਾਵਨਾ ਤਕਰੀਬਨ ਦੋ ਗੁਣਾ ਜ਼ਿਆਦਾ ਹੁੰਦੀ ਹੈ। ਡਾਕਟਰ ਵਲੋਂ ਭੇਜੇ ਜਾਣ ਦੀ ਲੋੜ ਨਹੀਂ ਹੈ।

### ਜੇ ਤੁਹਾਡੀ ਉਮਰ 40 ਤੋਂ 49 ਸਾਲ ਦੇ ਵਿਚਕਾਰ ਹੈ ਅਤੇ ਪਰਿਵਾਰ ਵਿਚ ਛਾਤੀ ਦੀ ਕੈਂਸਰ ਦਾ ਪਿਛੋਕੜ ਨਹੀਂ ਹੈ ਤਾਂ:

ਤੁਹਾਨੂੰ ਮੈਮੋਗ੍ਰਾਫੀ ਦੇ ਫਾਇਦਿਆਂ ਅਤੇ ਸੀਮਾਵਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ।

ਜੇ ਮੈਮੋਗ੍ਰਾਫੀ ਦੇ ਟੈੱਸਟ ਦੀ ਚੋਣ ਕੀਤੀ ਜਾਂਦੀ ਹੈ ਤਾਂ ਇਹ ਹਰ ਦੋ ਸਾਲਾਂ ਬਾਅਦ ਹੁੰਦਾ ਹੈ। ਡਾਕਟਰ ਵਲੋਂ ਭੇਜੇ ਜਾਣ ਦੀ ਲੋੜ ਨਹੀਂ ਹੈ ਪਰ ਇਸ ਦੀ ਸਿਫਾਰਸ਼ ਕੀਤੀ ਜਾਂਦੀ ਹੈ।

### ਜੇ ਤੁਹਾਡੀ ਉਮਰ 50 ਤੋਂ 74 ਸਾਲ ਦੇ ਵਿਚਕਾਰ ਹੈ ਅਤੇ ਪਰਿਵਾਰ ਵਿਚ ਛਾਤੀ ਦੀ ਕੈਂਸਰ ਦਾ ਪਿਛੋਕੜ ਨਹੀਂ ਹੈ ਤਾਂ:

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਹਰ ਦੋ ਸਾਲਾਂ ਬਾਅਦ ਮੈਮੋਗ੍ਰਾਮ ਕਰਵਾਉ।

ਇਸ ਉਮਰ ਗਰੁੱਪ ਦੀਆਂ ਔਰਤਾਂ ਲਈ, ਮੈਮੋਗ੍ਰਾਮ ਕਰਨ ਦੇ ਫਾਇਦੇ ਸੀਮਾਵਾਂ ਨਾਲੋਂ ਸਪਸ਼ਟ ਤੌਰ ’ਤੇ ਵੱਧ ਹਨ। ਅੱਜ ਹੀ ਆਪਣੀ ਅਪੌਇੰਟਮੈਂਟ ਬੁੱਕ ਕਰਵਾਉ। ਡਾਕਟਰ ਵਲੋਂ ਭੇਜੇ ਜਾਣ ਦੀ ਲੋੜ ਨਹੀਂ ਹੈ।ਅਪਪੋਨਿਟਮਏਨਟ ਟੋਦਅੇ. ੳ ਦੋਚਟੋਰ’ਸ ਰਏਾਏਰਰਅਲ ਸਿ ਨੋਟ ਨਏਏਦਏਦ.

### ਜੇ ਤੁਹਾਡੀ ਉਮਰ 75 ਸਾਲ ਜਾਂ ਜ਼ਿਆਦਾ ਹੈ:

ਤੁਹਾਨੂੰ ਮੈਮੋਗ੍ਰਾਫੀ ਦੇ ਫਾਇਦਿਆਂ ਅਤੇ ਸੀਮਾਵਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ।

ਜੇ ਮੈਮੋਗ੍ਰਾਫੀ ਦੇ ਟੈੱਸਟ ਦੀ ਚੋਣ ਕੀਤੀ ਜਾਂਦੀ ਹੈ ਤਾਂ ਇਹ ਹਰ ਦੋ ਤੋਂ ਤਿੰਨ ਸਾਲਾਂ ਬਾਅਦ ਹੁੰਦਾ ਹੈ। ਡਾਕਟਰ ਵਲੋਂ ਭੇਜੇ ਜਾਣ ਦੀ ਲੋੜ ਨਹੀਂ ਹੈ ਪਰ ਇਸ ਦੀ ਸਿਫਾਰਸ਼ ਕੀਤੀ ਜਾਂਦੀ ਹੈ।

### ਜੇ ਤੁਹਾਡੀ ਉਮਰ 40 ਸਾਲ ਨਾਲੋਂ ਘੱਟ ਹੈ:

ਮੈਮੋਗ੍ਰਾਮ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ, ਜੇ ਤੁਹਾਨੂੰ ਬੀ ਆਰ ਸੀ ਏ 1 ਜਾਂ ਬੀ ਆਰ ਸੀ ਏ 2 ਤਬਦੀਲੀ ਵਾਲੇ ਨਹੀਂ ਜਾਣਿਆ ਜਾਂਦਾ, ਪਹਿਲਾਂ ਛਾਤੀ ਦੀ ਰੇਡੀਏਸ਼ਨ ਨਹੀਂ ਹੋਈ ਜਾਂ ਪਰਿਵਾਰ ਵਿਚ ਛਾਤੀ ਦੀ ਕੈਂਸਰ ਦਾ ਤਕੜਾ ਪਿਛੋਕੜ ਨਹੀਂ ਹੈ। ਹਰ ਟੈੱਸਟ ਲਈ ਡਾਕਟਰ ਵਲੋਂ ਭੇਜੇ ਜਾਣ ਦੀ ਲੋੜ ਹੈ।

# ਮੈਮੋਗ੍ਰਾਮ ਮਹੱਤਵਪੂਰਨ ਕਿਉਂ ਹਨ?

## ਮੈਮੋਗ੍ਰਾਮ ਜ਼ਿੰਦਗੀਆਂ ਬਚਾਉਂਦੇ ਹਨ

ਕੈਂਸਰ ਦਾ ਛੇਤੀ ਪਤਾ ਲਾਉਣ ਦਾ ਮਤਲਬ ਹੈ ਕਿ ਇਸ ਦੇ ਫੈਲ ਜਾਣ ਦੀ ਸੰਭਾਵਨਾ ਘੱਟ ਹੈ ਅਤੇ ਇਲਾਜ ਬੀਮਾਰੀ ਦੇ ਸ਼ੁਰੂ ਵਿਚ ਆਰੰਭ ਕੀਤਾ ਜਾ ਸਕਦਾ ਹੈ।



ਕੈਨੇਡਾ ਵਿਚ ਤਕਰੀਬਨ ਨੌਂ ਵਿੱਚੋਂ ਇਕ ਔਰਤ ਨੂੰ ਆਪਣੀ ਜ਼ਿੰਦਗੀ ਵਿਚ ਛਾਤੀ ਦੀ ਕੈਂਸਰ ਹੋਵੇਗੀ ਅਤੇ 28 ਔਰਤਾਂ ਵਿੱਚੋਂ ਇਕ ਦੀ ਮੌਤ ਹੋਣ ਦਾ ਖਦਸ਼ਾ ਹੈ।

## ਮੈਮੋਗ੍ਰਾਮ ਅਸਰਦਾਰ ਹਨ

ਮੈਮੋਗ੍ਰਾਮ ਦੇ ਟੈੱਸਟ ਕਰਨਾ ਛਾਤੀ ਦੀ ਕੈਂਸਰ ਦਾ ਛੇਤੀ ਪਤਾ ਲਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਮੈਮੋਗ੍ਰਾਮ ਆਮ ਤੌਰ ’ਤੇ ਗਿਲਟੀਆਂ ਦਾ ਪਤਾ, ਕਿਸੇ ਔਰਤ ਵਲੋਂ ਜਾਂ ਉਸ ਦੇ ਡਾਕਟਰ ਵਲੋਂ ਮਹਿਸੂਸ ਕੀਤੇ ਜਾਣ ਤੋਂ ਦੋ ਜਾਂ ਤਿੰਨ ਸਾਲ ਪਹਿਲਾਂ ਲਾ ਸਕਦੇ ਹਨ।

ਮੌਤਾਂ ਵਿਚ
25
ਪ੍ਰਤੀਸ਼ਤ ਦੀ
ਕਮੀ



ਖੋਜ ਨੇ ਇਹ ਦਿਖਾਇਆ ਹੈ ਕਿ ਜਿਹੜੀਆਂ ਔਰਤਾਂ ਨੇਮ ਨਾਲ ਟੈੱਸਟ ਕਰਵਾਉਂਦੀਆਂ ਹਨ, ਉਨ੍ਹਾਂ ਵਿਚ ਛਾਤੀ ਦੀ ਕੈਂਸਰ ਨਾਲ ਮੌਤਾਂ ਦੀ ਗਿਣਤੀ 25 ਪ੍ਰਤੀਸ਼ਤ ਘੱਟ ਹੈ।

## ਉਮਰ ਨਾਲ ਤੁਹਾਡਾ ਛਾਤੀ ਦੀ ਕੈਂਸਰ ਦਾ ਖਤਰਾ ਵਧਦਾ ਹੈ

ਜਿਨ੍ਹਾਂ ਔਰਤਾਂ ਵਿਚ ਛਾਤੀ ਦੀ ਕੈਂਸਰ ਦਾ ਪਤਾ ਲੱਗਦਾ ਹੈ ਉਨ੍ਹਾਂ 10 ਔਰਤਾਂ ਪਿੱਛੇ ਨੌਂ ਦੇ ਪਰਿਵਾਰ ਵਿਚ ਪਹਿਲਾਂ ਕਿਸੇ ਨੂੰ ਇਹ ਬੀਮਾਰੀ ਨਹੀਂ ਹੋਈ ਹੁੰਦੀ। ਭਾਵੇਂ ਕਿ ਪਰਿਵਾਰ ਵਿਚ ਛਾਤੀ ਦੀ ਕੈਂਸਰ ਹੋਣ ਵਾਲੀਆਂ ਔਰਤਾਂ ਨੂੰ ਔਸਤ ਨਾਲੋਂ ਜ਼ਿਆਦਾ ਖਤਰਾ ਹੁੰਦਾ ਹੈ, ਛਾਤੀ ਦੀ ਕੈਂਸਰ ਲਈ ਸਭ ਤੋਂ ਵੱਡਾ ਖਤਰਾ 50 ਸਾਲ ਤੋਂ ਜ਼ਿਆਦਾ ਉਮਰ ਦੀ ਔਰਤ ਹੋਣਾ ਹੈ।

ਬੀ ਸੀ ਵਿਚ ਹਰ ਸਾਲ ਛਾਤੀ ਦੀਆਂ 80 ਪ੍ਰਤੀਸ਼ਤ ਨਾਲੋਂ ਜ਼ਿਆਦਾ ਨਵੀਂਆਂ ਕੈਂਸਰਾਂ ਦੀ ਪਛਾਣ 50 ਸਾਲ ਜਾਂ ਜ਼ਿਆਦਾ ਉਮਰ ਦੀਆਂ ਔਰਤਾਂ ਵਿਚ ਹੁੰਦੀ ਹੈ।



# ਮੈਮੋਗ੍ਰਾਮਜ਼ ਬਾਰੇ ਵਿਚਾਰਨ ਵਾਲੀਆਂ ਚੀਜ਼ਾਂ:

## ਮੈਮੋਗ੍ਰਾਮ ਸੰਪੂਰਨ ਨਹੀਂ ਹਨ

ਮੈਮੋਗ੍ਰਾਮ ’ਤੇ ਸਾਰੀਆਂ ਛਾਤੀਆਂ ਇੱਕੋ ਜਿਹੀਆਂ ਨਹੀਂ ਦਿਖਾਈ ਦਿੰਦੀਆਂ – ਔਰਤ ਦੀ ਉਮਰ ਜਾਂ ਛਾਤੀ ਦਾ ਠੋਸਪਣ, ਕੈਂਸਰਾਂ ਦੇਖਣਾ ਜ਼ਿਆਦਾ ਜਾਂ ਘੱਟ ਔਖਾ ਬਣਾ ਸਕਦੇ ਹਨ। ਆਮ ਤੌਰ ’ਤੇ, ਜਵਾਨ ਔਰਤਾਂ ਵਿਚ ਮੈਮੋਗ੍ਰਾਮ ਦੇ ਟੈੱਸਟ ਘੱਟ ਅਸਰਦਾਰ ਹੁੰਦੇ ਹਨ ਕਿਉਂਕਿ ਉਨ੍ਹਾਂ ਦੀ ਛਾਤੀ ਦੇ ਟਿਸ਼ੂ ਦੇ ਜ਼ਿਆਦਾ ਠੋਸ ਹੋਣ ਦੀ ਸੰਭਾਵਨਾ ਹੁੰਦੀ ਹੈ।

## ਮੈਮੋਗ੍ਰਾਮ ਸਾਰੀਆਂ ਕੈਂਸਰਾਂ ਦਾ ਪਤਾ ਨਹੀਂ ਲਾਉਂਦੇ

ਕੈਂਸਰ ਦੇ ਸਥਾਨ ਜਾਂ ਛਾਤੀ ਦੇ ਟਿਸ਼ੂ ਦੇ ਠੋਸਪਣ ਕਾਰਨ ਕੁਝ ਕੈਂਸਰਾਂ ਦਾ ਮੈਮੋਗ੍ਰਾਮ ’ਤੇ ਪਤਾ ਨਹੀਂ ਲਾਇਆ ਜਾ ਸਕਦਾ। 40–49 ਸਾਲ ਦੀ ਉਮਰ ਦੀਆਂ ਔਰਤਾਂ ਵਿਚ ਤਕਰੀਬਨ 25 ਪ੍ਰਤੀਸ਼ਤ ਕੈਂਸਰਾਂ ਦਾ ਪਤਾ ਮੈਮੋਗ੍ਰਾਮ ਨਾਲ ਨਹੀਂ ਲੱਗਦਾ, ਜੋ ਕਿ 50 ਸਾਲ ਨਾਲੋਂ ਜ਼ਿਆਦਾ ਉਮਰ ਦੀਆਂ ਔਰਤਾਂ ਵਿਚ ਤਕਰੀਬਨ 10 ਪ੍ਰਤੀਸ਼ਤ ਹੈ।

## ਮੈਮੋਗ੍ਰਾਮਜ਼ ਨਾਲ ਹੋਰ ਟੈੱਸਟ ਕਰਨ ਦੀ ਲੋੜ ਪੈ ਸਕਦੀ ਹੈ

ਸਕਰੀਨਿੰਗ ਮੈਮੋਗ੍ਰਾਫੀ ਪ੍ਰੋਗਰਾਮ ਰਾਹੀਂ ਟੈੱਸਟ ਕੀਤੀਆਂ ਗਈਆਂ ਔਰਤਾਂ ਵਿੱਚੋਂ ਔਸਤਨ, ਸੱਤ ਪ੍ਰਤੀਸ਼ਤ ਨੂੰ ਹੋਰ ਟੈੱਸਟਾਂ ਦੀ ਲੋੜ ਪਵੇਗੀ ਤਾਂ ਜੋ ਛਾਤੀ ਦੀ ਕਿਸੇ ਖਾਸ ਥਾਂ ਨੂੰ ਜ਼ਿਆਦਾ ਨੇੜਿਉਂ ਦੇਖਿਆ ਜਾ ਸਕੇ। ਇਸ ਦਾ ਮਤਲਬ ਇਹ ਨਹੀਂ ਹੈ ਕਿ ਕੈਂਸਰ ਲੱਭੀ ਸੀ – ਵਾਧੂ ਟੈੱਸਟਾਂ ਲਈ ਦੁਬਾਰਾ ਸੱਦੀਆਂ ਜਾਣ ਵਾਲੀਆਂ 95 ਪ੍ਰਤੀਸ਼ਤ ਤੋਂ ਜ਼ਿਆਦਾ ਔਰਤਾਂ ਵਿਚ ਕੈਂਸਰ ਨਹੀਂ ਹੁੰਦੀ।

## ਮੈਮੋਗ੍ਰਾਮ ਰੇਡੀਏਸ਼ਨ ਦੀ ਘੱਟ ਮਾਤਰਾ ਵਰਤਦੇ ਹਨ

ਨੇਮ ਨਾਲ ਮੈਮੋਗ੍ਰਾਮ ਕਰਵਾਉਣ ਦੇ ਫਾਇਦੇ, ਤੁਹਾਡੇ ਰੇਡੀਏਸ਼ਨ ਦੀ ਥੋੜ੍ਹੀ ਜਿਹੀ ਮਾਤਰਾ ਦੇ ਸੰਪਰਕ ਵਿਚ ਆਉਣ ਨਾਲ ਪੈਦਾ ਹੋਣ ਵਾਲੇ ਖਤਰਿਆਂ ਨਾਲੋਂ ਕਿਤੇ ਜ਼ਿਆਦਾ ਹਨ।

## ਸਾਡੇ ਨਾਲ ਸੰਪਰਕ ਕਰੋ

ਸਕਰੀਨਿੰਗ ਮੈਮੋਗ੍ਰਾਫੀ ਪ੍ਰੋਗਰਾਮ
Screening Mammography Program
801–686 West Broadway, Vancouver, BC V5Z1G1
ਫੋਨ: 1-800-663-9203
screening@bccancer.bc.ca

ਸਥਾਨਾਂ ਬਾਰੇ ਜਾਣਨ ਲਈ www.screeningbc.ca/breast ’ਤੇ ਜਾਉ। ਆਪਣੀ ਅਪੌਇੰਟਮੈਂਟ ਬੁੱਕ ਕਰਵਾਉਣ ਲਈ ਫੋਨ ਕਰਨ ਵੇਲੇ ਕਿਰਪਾ ਕਰਕੇ ਆਪਣਾ ਬੀ ਸੀ ਸਰਵਿਸਿਜ਼ ਕਾਰਡ/ਕੇਅਰ ਕਾਰਡ ਅਤੇ ਡਾਕਟਰ ਦਾ ਨਾਂ ਕੋਲ ਰੱਖੋ।

| ਚੱਕਵੇਂ ਸਰਵਿਸ ਏਰੀਏ (ਸੈਂਟਰਲ ਬੁਕਿੰਗ ਨੂੰ ਫੋਨ ਕਰੋ: 1-800-663-9203) | VANCOUVER | | ਹੋਰ ਸਥਾਨ | | | |
|---|---|---|---|---|---|---|
| · Interior/Kootenays | BC Women’s Health Centre | 604-775-0022 | Abbotsford | 604-851-4750 | Nanaimo | 250-716-5904 |
| · Vancouver Island | Mount St. Joseph Hospital | 604-877-8388 | Burnaby | 604-436-0691 | North Vancouver | 604-903-3860 |
| · Lower Mainland | 5752 Victoria Drive | 604-321-6770 | Comox | 250-890-3020 | Penticton | 250-770-7573 |
| · Northern BC | 505 - 750 West Broadway | 604-879-8700 | Coquitlam | 604-927-2130 | Prince George | 1-800-663-9203 |
| · Sea to Sky Corridor | VICTORIA | | Delta | 604-877-6187 | Richmond | 604-244-5505 |
| · Haida Gwaii | | | Kamloops | 250-828-4916 | Surrey | 604-582-4592 |
| | Fort Street | 250-952-4232 | Kelowna | 250-861-7560 | Vernon | 250-549-5451 |
| | Victoria General Hospital | 250-727-4338 | Langley | 604-514-6044 | White Rock | 604-535-4512 |

ਬਾਕੀ ਸਾਰੇ ਸਥਾਨਾਂ ਲਈ ਸੈਂਟਰਲ ਬੁਕਿੰਗ ਨਾਲ ਸੰਪਰਕ ਕਰੋ: 1-800-663-9203 ਸੈਂਟਰਲ ਬੁਕਿੰਗ ਦੇ ਖੁਲ੍ਹਣ ਦੇ ਸਮੇਂ: ਸੋਮਵਾਰ ਤੋਂ ਸ਼ੁਕਰਵਾਰ, ਸਵੇਰ ਦੇ 8:00 ਵਜੇ ਤੋਂ ਬਾਅਦ ਦੁਪਹਿਰ 5:30 ਵਜੇ ਤੱਕ ਅਤੇ ਛਨਿਚਰਵਾਰ, ਸਵੇਰ ਦੇ 8:00 ਵਜੇ ਤੋਂ ਬਾਅਦ ਦੁਪਹਿਰ 4:00 ਵਜੇ ਤੱਕ